# BUDHA DAL PUBLIC SCHOOL PATIALA
## First Term Examination (16 Sept. 2025)
**Class - XI (Humanities)**
**Paper - Punjabi (Set-B)**

**Time: 3 hrs.** **MM: 80**

ਆਮ ਨਿਰਦੇਸ਼:
1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਦਿੱਤੀ ਗਈ ਅੰਦਰੂਨੀ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।
2. ਲਿਖਾਈ ਸਾਫ਼ ਅਤੇ ਸ਼ੁੱਧ ਲਿਖੀ ਜਾਵੇ।
3. ਸਹੀ ਪ੍ਰਸ਼ਨ ਨੰਬਰ ਲਿਖ ਕੇ ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

### ਅਡਵਾਂਸ ਪੜ੍ਹਨ-ਕੌਸ਼ਲ

ਪ੍ਰ1. ਹੇਠਾਂ ਲਿਖੇ ਵਾਰਤਕ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਪੁੱਛੇ ਗਏ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਉਹਨਾਂ ਵਿੱਚੋਂ ਚੁਣ ਕੇ ਲਿਖੋ : (5×1=5)

ਬਿਨਾਂ ਮਨ ਦੀ ਅਰੋਗਤਾ ਦੇ ਸਰੀਰ ਅਰੋਗ ਨਹੀਂ ਹੋ ਸਕਦਾ। ਇਹ ਭੇਤ ਬਹੁਤ ਘੱਟ ਲੋਕ ਸਮਝਦੇ ਹਨ। ਜਿਸ ਮਨ ਵਿੱਚ ਸਦਾ ਸਾੜੇ ਅਤੇ ਈਰਖਾ ਦੀ ਅੱਗ ਬਲਦੀ ਰਹੇ, ਸਦਾ ਵੈਰ-ਵਿਰੋਧ ਕ੍ਰੋਧ ਦਾ ਭਾਂਬੜ ਮਚਿਆ ਰਹੇ ਉਹ ਸਰੀਰ ਅਰੋਗ ਨਹੀਂ ਰਹਿ ਸਕਦਾ ? ਹੁਣ ਤਾਂ ਪੱਛਮੀ ਡਾਕਟਰ ਵੀ ਇਹ ਗੱਲ ਮੰਨ ਗਏ ਹਨ ਕਿ ਜੇ ਬਿਮਾਰ ਨੂੰ ਖ਼ੁਸ਼ ਰੱਖਿਆ ਜਾਵੇ ਤਾਂ ਉਹ ਛੇਤੀ ਅਰੋਗ ਹੋ ਜਾਂਦਾ ਹੈ। ਚਿੰਤਾ ਮਨ ਦਾ ਵੱਡਾ ਰੋਗ ਹੈ। ਇੱਕ ਮਹਾਤਮਾ ਨੇ ਕਿਹਾ ਹੈ ਕਿ ਚਿੰਤਾ ਚਿਖਾ ਸਮਾਨ ਹੈ। ਸਗੋਂ ਉਸ ਤੋਂ ਵਧੀਕ ਹੈ। ਚਿਖਾ ਤਾਂ ਇੱਕ ਦਿਨ ਸਾੜ ਕੇ ਸਵਾਹ ਕਰ ਦਿੰਦੀ ਹੈ, ਪਰ ਚਿੰਤਾ ਹਮੇਸ਼ਾ ਸਾੜਦੀ ਰਹਿੰਦੀ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਜੋ ਰੱਬ ਦੇ ਰਾਹ ਉੱਪਰ ਤੁਰਦਾ ਹੈ ਉਸ ਦੀ ਚਿੰਤਾ ਤੇ ਅਹੰਕਾਰ ਮਿਟ ਜਾਦਾ ਹੈ। ਧਾਰਮਕ ਜੀਵਨ ਦਾ ਜੇ ਇਹ ਫਲ਼ ਪ੍ਰਾਪਤ ਨਹੀਂ ਹੋਇਆ ਤਾਂ ਅਸੀਂ ਧਰਮ ਨੂੰ ਨਹੀਂ ਸਮਝਿਆ। ਧਰਮ ਦੀ ਸਾਰੀ ਰਹਿਤਾ ਇਨ੍ਹਾਂ ਮਾਨਸਕ ਰੋਗਾਂ ਨੂੰ ਨਸ਼ਟ ਕਰਨ ਲਈ ਹੈ। ਬੇਫ਼ਿਕਰ ਮਨ ਸਵਰਗ ਦਾ ਝੂਟਾ ਹੈ। ਮਨ ਅਰੋਗ ਹੈ ਤਾਂ ਸਰੀਰ ਵੀ ਅਰੋਗ ਹੈ। ਦਸਮ ਪਿਤਾ ਨੇ ਫ਼ਰਮਾਇਆ ਹੈ। ਸਦਾ ਰਹੇ ਕੰਚਨ ਸੀ ਕਾਇਆ। ਉਨ੍ਹਾਂ ਦੀ ਜਿਨਾਂ ਨੇ ਮਨ ਅਰੋਗ ਕਰ ਲਿਆ।

(i) ਸਰੀਰ ਦੇ ਅਰੋਗ ਹੋਣ ਲਈ ਕਿਸ ਦਾ ਅਰੋਗ ਹੋਣਾ ਜ਼ਰੂਰੀ ਹੈ ?
- (ੳ) ਮਨ
- (ਅ) ਤਨ
- (ੲ) ਜੀਵਨ
- (ਸ) ਕੋਈ ਨਹੀਂ

(ii) ਮਨ ਦਾ ਵੱਡਾ ਰੋਗ ਕੀ ਹੈ ?
- (ੳ) ਚਿੰਤਾ
- (ਅ) ਹਾਰਟ ਅਟੈਕ
- (ੲ) ਦਿਲ ਦਾ ਦਰਦ
- (ਸ) ਮਾਨਸਕ ਪਰੇਸ਼ਾਨੀ

(iii) ਚਿੰਤਾ ਕਿਸ ਦੇ ਸਮਾਨ ਹੈ ?
- (ੳ) ਲੱਕੜੀਆ
- (ਅ) ਚਿਖਾ
- (ੲ) ਅਰਾਮਦਾਇਕ ਗੱਦੇ
- (ਸ) ਮੰਜੇ

(iv) ਚਿੰਤਾ ਕਿੰਨੀ ਦੇਰ ਸਾੜਦੀ ਰਹਿੰਦੀ ਹੈ ?
- (ੳ) ਦੋ ਦਿਨ
- (ਅ) ਮਹੀਨਾ
- (ੲ) ਹਮੇਸ਼ਾ
- (ਸ) ਇੱਕ ਸਾਲ

(v) ਕਿਸ ਦੀ ਚਿੰਤਾ ਮੁਕ ਜਾਂਦੀ ਹੈ ?
- (ੳ) ਜੋ ਹੰਕਾਰ ਵਿੱਚ ਰਹਿੰਦਾ ਹੈ ?
- (ਅ) ਜੋ ਰੱਬ ਦੇ ਰਾਹ 'ਤੇ ਤੁਰਦਾ ਹੈ ?
- (ੲ) ਜੋ ਆਪਣੇ ਆਪਣ ਵਿੱਚ ਰਹਿੰਦਾ ਹੈ।
- (ਸ) ਜੋ ਰਾਮ ਭਗਤੀ ਕਰਦਾ ਹੈ।



Scanned with OKEN Scanner

**ਣ-ਕੌਸ਼ਲ**

ਪ੍ਰ2. ਸੜਕਾਂ 'ਤੇ ਵੱਧ ਰਹੀਆਂ ਦੁਰਘਟਨਾਵਾਂ ਬਾਰੇ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ। (8)

**ਜਾਂ**

ਆਪਣੇ ਪਿੰਡ 'ਚ ਕਿਸੇ ਸਾਦਾ, ਪਰ ਆਦਰਸ਼ ਢੰਗ ਨਾਲ ਹੋਏ ਵਿਆਹ ਬਾਰੇ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ।

**ਪ੍ਰ3. ਹੇਠਾਂ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 150 ਸ਼ਬਦਾਂ ਦਾ ਇੱਕ ਪੈਰਾ ਲਿਖੋ:** (10)

ਚੰਗੀ ਬੋਲ-ਚਾਲ **ਜਾਂ** ਅਜ਼ਾਦੀ

**ਪ੍ਰ4. ਕਿਸੇ ਛੇ ਸ਼ਬਦਾਂ ਦੇ ਸਮਾਨਾਰਥੀ ਪੰਜਾਬੀ ਸ਼ਬਦ ਲਿਖੋ:** (6)

Procedure, Refund, Applicant, Balance, Claim, Damage, Estimate, Instructions

**ਪ੍ਰ5. ਕਿਸੇ ਚਾਰ ਵਾਕਾਂ ਦਾ ਪੰਜਾਬੀ ਵਿੱਚ ਅਨੁਵਾਦ ਕਰੋ:** (2×4=8)

ੳ) Always keep your passbook and cheque book under proper custody.

ਅ) Beware of pick-pockets.

ੲ) Write pin-code in address.

ਸ) It's better to have a joint account in the bank.

ਹ) Smoking is injurious to health.

ਕ) No enclosure allowed in the inland letter.

**ਵਿਆਕਰਨ**

**ਪ੍ਰ6. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਛੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਅਰਥ ਸਪਸ਼ਟ ਹੋ ਜਾਣ:**

ਚਿੜੀ ਨਾ ਫਟਕਣਾ, ਗੱਚ ਭਰ ਆਉਣਾ, ਖੇਹ ਉਡਾਉਣੀ, ਕਿਤਾਬੀ ਕੀੜਾ ਹੋਣਾ, ਹੱਥ ਵਟਾਉਣਾ, ਊਠ ਦੇ ਮੂੰਹ ਜੀਰਾ ਦੇਣਾ, ਆਪਣੇ ਅੱਗੇ ਕੰਡੇ ਬੀਜਣਾ, ਸਿਰ ਮੜ੍ਹਨਾ (6)

**ਪ੍ਰ7.** ਆਪਣੇ ਪਿੰਡ ਵਿੱਚ ਖ਼ੂਨ-ਦਾਨ ਕੈਂਪ ਲਗਾਏ ਜਾਣ ਦੀ ਸੂਚਨਾ ਲੋਕਾਂ ਨੂੰ ਦੇਣ ਲਈ ਸੱਦਾ-ਪੱਤਰ ਲਿਖੋ। (8)

**ਜਾਂ**

ਸਰਕਾਰੀ ਨੌਕਰੀ ਕਰਦੇ ਲੜਕੇ ਲਈ ਕੰਨਿਆ ਦੀ ਲੋੜ ਸੰਬੰਧੀ ਇਸ਼ਤਿਹਾਰ ਲਿਖੋ।

**ਪਾਠ-ਪੁਸਤਕਾਂ 'ਤੇ ਅਧਾਰਿਤ**

**ਪ੍ਰ8. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਨੌਂ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ:** (1×9=9)

ੳ) ਪੂਰਨ ਭਗਤ ਦੀ ਮਤਰੇਈ ਮਾਂ ਦਾ ਨਾਂ ਕੀ ਸੀ?

ਅ) ਜਿਸ ਨਾਗ ਦੀ ਰਾਜੇ ਰਸਾਲੂ ਨੇ ਸਹਾਇਤਾ ਕੀਤੀ ਸੀ, ਉਸ ਦਾ ਨਾਂ ਕੀ ਸੀ?

ੲ) ਦੁੱਲੇ ਭੱਟੀ ਦੇ ਪਿਓ-ਦਾਦੇ ਕਿਸ ਨੇ ਮਰਵਾਏ ਸਨ?

ਸ) ਕਿਹੜੇ ਕਾਵਿ-ਰੂਪ ਵਿੱਚ ਇੱਕ ਵਿਅਕਤੀ ਦੂਜੇ ਨੂੰ ਕੁਝ ਬੁੱਝਣ ਲਈ ਕਹਿੰਦਾ ਹੈ?

ਹ) 'ਨਿੱਕੀ ਜਿਹੀ ਕੁੜੀ ਲੈ ਪਰਾਂਦਾ ਤੁਰੀ' ਬੁਝਾਰਤ ਦਾ ਉੱਤਰ ਲਿਖੋ।



Scanned with OKEN Scanner

ਥੋਂ ਦੀਆਂ ਦਾਖਾਂ ਬਹੁਤ ਮਸ਼ਹੂਰ ਹਨ?

ਟੱਪਿਆਂ ਅਨੁਸਾਰ ਕਿਹੜੇ ਤਿੰਨ ਰੰਗ ਸਦਾ ਨਹੀਂ ਲੱਭਦੇ?

ਗ) ਕੁੜੀ ਸਹੁਰੇ ਘਰ ਵਿੱਚ ਕਿਸਨੂੰ ਹਰ ਸਮੇਂ ਗਹਿਣੇ ਘੜਦਾ ਦੇਖਣਾ ਚਾਹੁੰਦੀ ਹੈ?

ਘ) 'ਚੜ੍ਹ ਚੁਬਾਰੇ ਸੁੱਤਿਆ' ਤੋਂ ਕੀ ਭਾਵ ਹੈ?

ਙ) ਸਿੱਠਣੀਆਂ ਕਿਨ੍ਹਾਂ ਵੱਲੋਂ ਗਾਈਆਂ ਜਾਂਦੀਆਂ ਹਨ?

ਚ) ਚਾਂਦੀ ਦੇ ਗਹਿਣਿਆਂ ਉੱਤੇ ਕਾਹਦਾ ਪਾਣੀ ਫਿਰਾਇਆ ਗਿਆ ਹੈ?

**ਪ੍ਰ9. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ:** (4×2=8)

ੳ) 'ਅੱਸੂ ਦਾ ਕਾਜ ਰਚਾ' ਲੋਕ-ਗੀਤ ਵਿੱਚ ਅੱਸੂ ਮਹੀਨੇ 'ਤੇ ਜ਼ੋਰ ਕਿਉਂ ਦਿੱਤਾ ਗਿਆ ਹੈ?

ਅ) ਸਿੱਠਣੀ ਵਿੱਚ ਲਾੜੇ ਦੇ ਰੰਗ ਬਾਰੇ ਕੀ ਕਿਹਾ ਗਿਆ ਹੈ?

ੲ) 'ਜੱਗ ਜਿਊਂਣ ਵੱਡੀਆਂ ਭਰਜਾਈਆਂ ਪਾਣੀ ਮੰਗੋ, ਦੁੱਧ ਦਿੰਦੀਆਂ'। ਇਸ ਟੱਪੇ ਵਿੱਚ ਕਿਹੜੇ ਭਾਵ ਪ੍ਰਗਟ ਹੋਏ ਹਨ?

ਸ) ਪੂਰਨ ਗੋਰਖ ਨਾਥ ਦੇ ਸੰਪਰਕ ਵਿੱਚ ਕਿਵੇਂ ਆਇਆ?

ਹ) ਕੋਕਲਾਂ ਕੌਣ ਸੀ? ਉਹ ਰਾਜਾ ਰਸਾਲੂ ਦੇ ਜੀਵਨ ਵਿੱਚ ਕਿਵੇਂ ਆਈ?

**ਪ੍ਰ10. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਪ੍ਰਸ਼ਨਾਂ ਦੇ ਉੱਤਰ 40-50 ਸ਼ਬਦਾਂ ਵਿੱਚ ਦਿਓ:** (4×3=12)

ੳ) 'ਸਾਡਾ ਚਿੜੀਆਂ ਦਾ ਚੰਬਾ' ਸੁਹਾਗ ਵਿੱਚ ਬਾਬਲ ਅਤੇ ਧੀ ਵੱਲੋਂ ਕੀਤੀ ਗਈ ਵਾਰਤਾਲਾਪ ਨੂੰ ਵਾਰਤਕ ਰੂਪ ਵਿੱਚ ਲਿਖੋ।

ਅ) ਸਿੱਠਣੀਆਂ ਕਿਹੜੇ ਮੌਕੇ ਉੱਤੇ ਕਿਸ ਵੱਲੋਂ ਅਤੇ ਕਿਸ ਨੂੰ ਦਿੱਤੀਆਂ ਜਾਂਦੀਆਂ ਹਨ?

ੲ) ਟੱਪਿਆਂ ਵਿੱਚ ਪੇਸ਼ ਹੋਈਆਂ ਪਤਨੀ ਦੀਆਂ ਇੱਛਾਵਾਂ ਕਿਹੋ ਜਿਹੀਆਂ ਹਨ?

ਸ) ਪੂਰਨ ਭਗਤ ਅਤੇ ਰਾਜਾ ਰਸਾਲੂ ਵਿੱਚ ਕਿਹੜੇ-ਕਿਹੜੇ ਸਮਾਨ ਅਤੇ ਕਿਹੜੇ-ਕਿਹੜੇ ਵੱਖਰੇ ਗੁਣ ਸਨ?

ਹ) ਦੁੱਲੇ ਦੇ ਪਿਓ-ਦਾਦ ਨਾਲ ਕੀ ਬੀਤੀ ਸੀ?



Scanned with OKEN Scanner